# ਹੇਠ ਪ੍ਰਵਾਸੀ ਮੁਲਾਜ਼ਮ ਦੇ ਹੱਕ
# ਰਾਸ਼ਟਰੀ ਕਿਰਤ ਸਬੰਧਾਂ ਬਾਰੇ ਕਾਨੂੰਨ

**ਇਮੀਗ੍ਰੇਸ਼ਨ ਦੇ ਦਰਜੇ ਨੂੰ ਧਿਆਨ ਵਿੱਚ ਰੱਖੇ ਬਿਨਾ, ਰਾਸ਼ਟਰੀ ਕਿਰਤ ਸਬੰਧਾਂ ਬਾਰੇ ਕਾਨੂੰਨ (NLRA) ਹੇਠ ਤੁਹਾਡੇ ਉਹੀ ਹੱਕ ਹਨ, ਜੋ ਘੇਰੇ ਹੇਠਲੇ ਸਾਰੇ ਮੁਲਾਜ਼ਮਾਂ ਦੇ ਹੱਕ ਹਨ, ਇਸ ਵਿੱਚ ਸ਼ਾਮਿਲ ਹਨ:**

- ਆਪਣੀਆਂ ਉਜਰਤਾਂ, ਸਮਿਆਂ, ਲਾਭ ਅਤੇ ਕੰਮਕਾਜ ਨਾਲ ਜੁੜੀਆਂ ਹੋਰਨਾਂ ਸਥਿਤੀਆਂ ਬਾਰੇ ਆਪਣੇ ਨੌਕਰੀਦਾਤਾ ਨਾਲ ਗੱਲਬਾਤ ਕਰਨ ਲਈ ਕਿਸੇ ਯੂਨੀਅਨ ਨਾਲ ਜੱਥੇਬੰਦ ਹੋਣਾ।
- ਆਪਣੇ ਸਾਥੀ-ਵਰਕਰਾਂ, ਲੋਕਾਂ ਜਾਂ ਯੂਨੀਅਨ ਨਾਲ ਕੰਮਕਾਜ ਨਾਲ ਜੁੜੀਆਂ ਸਥਿਤੀਆਂ ਬਾਰੇ ਗੱਲਬਾਤ ਕਰਨੀ।
- ਆਪਣੇ ਕੰਮਕਾਜ ਨਾਲ ਜੁੜੀਆਂ ਸਥਿਤੀਆਂ ਨੂੰ ਬਿਹਤਰ ਬਣਾਉਣ ਦੀ ਕੋਸ਼ਿਸ਼ ਕਰਨ ਲਈ ਆਪਣੇ ਸਾਥੀ-ਵਰਕਰਾਂ ਨਾਲ ਕਾਰਵਾਈ ਕਰਨੀ।
- ਇਹਨਾਂ ਵਿੱਚੋਂ ਕੋਈ ਵੀ ਕਾਰਵਾਈ ਨਾ ਕਰਨ ਦੀ ਚੋਣ ਕਰਨੀ।

**ਹਾਲਾਂਕਿ ਨੌਕਰੀਦਾਤਿਆਂ ਨੂੰ ਇਮੀਗ੍ਰੇਸ਼ਨ ਦੇ ਕਾਨੂੰਨਾਂ ਦੀ ਪਾਲਣਾ ਜ਼ਰੂਰ ਕਰਨੀ ਚਾਹੀਦੀ ਹੈ, ਪਰ ਜੇ ਤੁਸੀਂ ਆਪਣੇ ਕੰਮਕਾਜ ਨਾਲ ਜੁੜੀਆਂ ਸਥਿਤੀਆਂ ਨੂੰ ਬਿਹਤਰ ਬਣਾਉਣ ਲਈ ਆਪਣੇ ਸਾਥੀ-ਵਰਕਰਾਂ ਨਾਲ ਗੱਲਬਾਤ ਕਰਨ ਜਾਂ ਕਾਰਵਾਈ ਕਰਨ ਦੀ ਚੋਣ ਕਰਦੇ ਹੋ, ਤਾਂ ਤੁਹਾਡੇ ਨੌਕਰੀਦਾਤਾ ਵਲੋਂ ਤੁਹਾਡੇ ਇਮੀਗ੍ਰੇਸ਼ਨ ਦਰਜੇ ਦੀ ਤੁਹਾਡੇ ਖ਼ਿਲਾਫ਼ ਵਰਤੋਂ ਕਰਨਾ ਗ਼ੈਰਕਾਨੂੰਨੀ ਹੈ।**

ਉਦਾਹਰਣ ਲਈ:

- ਨੌਕਰੀਦਾਤਾ ICE ਨੂੰ ਕਾੱਲ ਕਰਨ ਦੀ ਇਸ ਕਰਕੇ ਧਮਕੀ ਨਹੀਂ ਦੇ ਸਕਦੇ, ਕਿਉਂਕਿ ਤੁਸੀਂ ਅਤੇ ਤੁਹਾਡੇ ਸਾਥੀ-ਵਰਕਰਾਂ ਨੇ ਯੂਨੀਅਨ ਵਿੱਚ ਸ਼ਾਮਿਲ ਹੋਣ ਦੀ ਕੋਸ਼ਿਸ਼ ਕੀਤੀ ਹੈ।
- ਨੌਕਰੀਦਾਤਾ ਤੁਹਾਨੂੰ ਇਸ ਕਰਕੇ ਇਮੀਗ੍ਰੇਸ਼ਨ ਦੇ ਨਵੇਂ ਦਸਤਾਵੇਜ਼ ਲਿਆਉਣ ਲਈ ਨਹੀਂ ਕਹਿ ਸਕਦੇ, ਕਿਉਂਕਿ ਤੁਸੀਂ ਆਪਣੇ ਕੰਮਕਾਜ ਨਾਲ ਜੁੜੀਆਂ ਸਥਿਤੀਆਂ ਬਾਰੇ ਆਪਣੇ ਸਾਥੀ-ਵਰਕਰਾਂ ਜਾਂ ਯੂਨੀਅਨ ਨਾਲ ਗੱਲਬਾਤ ਕੀਤੀ ਹੈ।

**ਜੇ ਤੁਹਾਨੂੰ ਲੱਗਦਾ ਹੈ ਕਿ ਤੁਹਾਡੇ ਨੌਕਰੀਦਾਤਾ ਨੇ ਤੁਹਾਡੇ, ਤੁਹਾਡੇ ਸਾਥੀ-ਵਰਕਰਾਂ ਜਾਂ ਯੂਨੀਅਨ ਖ਼ਿਲਾਫ਼ ਦੁਸ਼ਮਣੀ ਕੱਢੀ ਹੈ, ਤਾਂ ਤੁਸੀਂ ਦੋਸ਼ ਦਾਇਰ ਕਰਨ ਲਈ ਰਾਸ਼ਟਰੀ ਕਿਰਤ ਸਬੰਧਾਂ ਬਾਰੇ ਬੋਰਡ (NLRB) ਨਾਲ ਸੰਪਰਕ ਕਰ ਸਕਦੇ ਹੋ। NLRB ਦੋਸ਼ ਦੀ ਪੜਤਾਲ ਕਰੇਗਾ, ਜਿਸ ਵਿੱਚ ਸ਼ਾਮਿਲ ਹਨ:**

- ਤੁਹਾਡਾ ਹਲਫ਼ਨਾਮਾ ਲੈਣਾ ਅਤੇ ਤੁਹਾਨੂੰ ਸਬੂਤ ਦੇਣ ਲਈ ਕਹਿਣਾ। ਕਿਉਂਕਿ ਤੁਸੀਂ ਕਿਸੇ ਹੋਰ ਵਰਕਰ ਵਾਂਗ ਹੀ NLRA ਹੇਠ ਸੁਰੱਖਿਅਤ ਹੋ ਅਤੇ ਕਿਉਂਕਿ ਕਿਸੇ ਵਿਅਕਤੀ ਦੇ ਇਮੀਗ੍ਰੇਸ਼ਨ ਦੇ ਦਰਜੇ ਦਾ ਇਸ ਗੱਲ ਨਾਲ ਕੋਈ ਸਬੰਧ ਨਹੀਂ ਹੈ ਕਿ ਕੀ NLRA ਦੀ ਉਲੰਘਣਾ ਹੋਈ ਹੈ ਜਾਂ ਨਹੀਂ, ਤਾਂ NLRB ਤੁਹਾਡੇ ਇਮੀਗ੍ਰੇਸ਼ਨ ਦੇ ਦਰਜੇ ਜਾਂ ਸਾਡੀ ਪੜਤਾਲ ਜਾਂ NLRA ਦੀ ਉਲੰਘਣਾ ਸਿੱਧ ਕਰਨ ਲਈ ਮੁਕੱਦਮੇਬਾਜ਼ੀ ਦੌਰਾਨ ਹੋਰਨਾਂ ਦੇ ਇਮੀਗ੍ਰੇਸ਼ਨ ਦੇ ਦਰਜੇ ਦੀ ਸਥਿਤੀ ਬਾਰੇ ਨਹੀਂ ਪੁੱਛੇਗਾ।

- ਜੇ ਸਬੂਤ ਤੋਂ ਇਹ ਪਤਾ ਚਲਦਾ ਹੈ ਕਿ ਤੁਹਾਡਾ ਨੌਕਰੀਦਾਤਾ ਗ਼ੈਰਕਾਨੂੰਨੀ ਢੰਗ ਨਾਲ ਤੁਹਾਡੇ ਇਮੀਗ੍ਰੇਸ਼ਨ ਦੇ ਦਰਜੇ ਦੀ ਵਰਤੋਂ ਤੁਹਾਨੂੰ ਧਮਕਾਉਣ ਜਾਂ ਬਦਲਾ ਲੈਣ ਲਈ ਇਸ ਕਰਕੇ ਕਰ ਰਿਹਾ ਹੈ, ਕਿਉਂਕਿ ਤੁਸੀਂ NLRA ਹੇਠ ਆਪਣੇ ਹੱਕਾਂ ਦੀ ਵਰਤੋਂ ਕੀਤੀ ਹੈ, ਤਾਂ NLRB ਤੁਹਾਡੇ ਨੌਕਰੀਦਾਤਾ ਦੇ ਖ਼ਿਲਾਫ਼ ਕਾਨੂੰਨੀ ਕਾਰਵਾਈ ਕਰ ਸਕਦਾ ਹੈ। NLRB ਇਹ ਯਕੀਨੀ ਬਣਾਉਣ ਲਈ ਵੀ ਹੋਰਨਾਂ ਏਜੰਸੀਆਂ ਨਾਲ ਕੰਮ ਕਰ ਸਕਦਾ ਹੈ ਕਿ NLRA ਹੇਠ ਆਪਣੇ ਹੱਕਾਂ ਦੀ ਵਰਤੋਂ ਕਰਨ ਬਦਲੇ ਵਰਕਰਾਂ ਨੂੰ ਧਮਕਾਉਣ ਜਾਂ ਬਦਲਾ ਲੈਣ ਲਈ ਇਮੀਗ੍ਰੇਸ਼ਨ ਦੇ ਕਾਨੂੰਨਾਂ ਦੀ ਵਰਤੋਂ ਨਹੀਂ ਕੀਤੀ ਜਾ ਰਹੀ।

- ਜੇ ਤੁਹਾਡੇ ਨੌਕਰੀਦਾਤਾ ਨੇ ਤੁਹਾਨੂੰ ਇਸ ਕਰਕੇ ਨੌਕਰੀ ਤੋਂ ਕੱਢ ਦਿੱਤਾ ਹੈ, ਕਿਉਂਕਿ ਤੁਸੀਂ NLRA ਹੇਠ ਆਪਣੇ ਹੱਕਾਂ ਦੀ ਵਰਤੋਂ ਕੀਤੀ ਹੈ, ਤਾਂ NLRB ਤੁਹਾਡੀ ਨੌਕਰੀ ਵਾਪਸ ਦਿਵਾਉਣ ਅਤੇ ਤੁਹਾਡੀਆਂ ਖੁੰਝੀਆਂ ਹੋਈਆਂ ਉਜਰਤਾਂ ਦਾ ਤੁਹਾਨੂੰ ਭੁਗਤਾਨ ਕੀਤੇ ਜਾਣ ਲਈ ਕੰਮ ਕਰੇਗਾ। ਪਰ ਜੇ ਨੌਕਰੀਦਾਤਾ ਸਿੱਧ ਕਰ ਦਿੰਦਾ ਹੈ ਕਿ ਤੁਹਾਨੂੰ ਕੰਮ ਕਰਨ ਦਾ ਅਖ਼ਤਿਆਰ ਹੀ ਨਹੀਂ ਸੀ, ਤਾਂ NLRB ਨੌਕਰੀਦਾਤਾ ਨੂੰ ਤੁਹਾਡੀਆਂ ਖੁੰਝੀਆਂ ਹੋਈਆਂ ਉਜਰਤਾਂ ਦਾ ਭੁਗਤਾਨ ਕਰਨ ਦਾ ਹੁਕਮ ਨਹੀਂ ਦੇ ਸਕਦਾ ਹੈ ਅਤੇ ਹੋ ਸਕਦਾ ਹੈ ਕਿ ਤੁਹਾਡੀ ਨੌਕਰੀ ਵਾਪਸ ਦਿਵਾਉਣ ਵਿੱਚ ਉਹ ਤੁਹਾਡੀ ਮਦਦ ਨਾ ਕਰ ਸਕੇ। ਅਜਿਹੀਆਂ ਸਥਿਤੀਆਂ ਵਿੱਚ, NLRB ਹੋਰਨਾਂ ਉਪਾਅ ਕਰਨ ਦੀ ਮੰਗ ਕਰੇਗਾ ਅਤੇ ਕਿਰਤ ਸਬੰਧੀ ਹੱਕਾਂ ਦੀ ਉਲੰਘਣਾ ਦੇ ਸ਼ਿਕਾਰ ਹੋ ਰਹੇ ਮੁਲਾਜ਼ਮਾਂ ਦੀ ਮਦਦ ਕਰਨ ਲਈ ਇਮੀਗ੍ਰੇਸ਼ਨ ਏਜੰਸੀਆਂ ਨਾਲ ਕੰਮ ਕਰ ਸਕਦਾ ਹੈ। ਉਦਾਹਰਣ ਲਈ, NLRB ਇਸ ਗੱਲ ਬਾਰੇ ਵੀ ਵਿਚਾਰ ਕਰ ਸਕਦਾ ਹੈ ਕਿ ਕੀ ਤੁਸੀਂ U ਜਾਂ T ਵੀਜ਼ਾ ਜਾਂ ਰੱਦ ਕੀਤੀ ਗਈ ਕਾਰਵਾਈ ਦੇ ਹੱਕਦਾਰ ਹੋ ਸਕਦੇ ਹੋ ਅਤੇ ਇਸ ਤਰ੍ਹਾਂ ਦੀ ਰਾਹਤ ਦੀ ਕੋਸ਼ਿਸ਼ ਕਰਨ ਅਤੇ ਹਾਸਿਲ ਕਰਨ ਲਈ ਇਮੀਗ੍ਰੇਸ਼ਨ ਏਜੰਸੀਆਂ ਨਾਲ ਕੰਮ ਕਰ ਸਕਦੇ ਹੋ।

**NLRB ਨਾਲ ਸੰਪਰਕ ਕਰੋ: www.nlrb.gov,**

**1-844-762-NLRB (6572) ਜਾਂ ਸਾਡੀ ਮੋਬਾਈਲ ਐਪ ਡਾਉਨਲੋਡ ਕਰੋ!**